ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਬੰਟੀ ਅਤੇ ਬਬਲੀ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

## ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਬੰਟੀ ਅਤੇ ਬਬਲੀ

ਲੇਖਕ
ਸੋਰਿਤ ਗੁਪਤੋ

ਚਿੱਤਰ
ਸੋਰਿਤ ਗੁਪਤੋ

ਪੰਜਾਬੀ ਅਨੁਵਾਦ
ਪਵਨਦੀਪ ਕੌਰ

ਚਿੱਤਰ ਸੰਪਾਦਨ
ਪਵਨਦੀਪ ਕੌਰ




ਬੰਟੀ ਨੂੰ ਤਿਤਲੀਆਂ ਨਾਲ਼ ਖੇਡਣਾ ਚੰਗਾ ਲੱਗਦਾ ਹੈ



ਅਤੇ ਚਿੜੀਆਂ ਨਾਲ਼ ਵੀ।



ਉਸ ਨੂੰ ਕਾਗਜ਼ ਦੀ ਕਿਸ਼ਤੀ ਬਣਾਉਣਾ ਵੀ ਚੰਗਾ ਲੱਗਦਾ ਹੈ।



ਉਸ ਨੂੰ ਰੇਤ ਦੇ ਕਿਲ੍ਹੇ ਬਣਾਉਣ ਵਿੱਚ ਮਜ਼ਾ ਆਉਂਦਾ ਹੈ।




ਬੰਟੀ ਜਦੋਂ ਖੇਡ ਕੇ ਘਰ ਪਹੁੰਚਦੀ ਹੈ ਤਾਂ ਮੰਮੀ ਉਸਨੂੰ ਹੱਥ-ਮੂੰਹ ਧੋਣ ਨੂੰ ਕਹਿੰਦੇ ਹਨ।
ਪਰ ਉਹ ਨਹੀਂ ਮੰਨਦੀ।



ਉਸਨੂੰ ਸਾਬਣ ਚੰਗਾ ਨਹੀਂ ਲੱਗਦਾ। ਉਹ ਚੀਕਦੀ ਹੈ।



ਇੱਕ ਰਾਤ ਉਸਨੇ ਸੁਪਨਾ ਦੇਖਿਆ। ਕੀੜਿਆਂ ਅਤੇ ਕੀਟਾਣੂਆਂ ਨੇ ਉਸਦੇ ਰੇਤ ਦੇ ਕਿਲ੍ਹੇ ਨੂੰ ਘੇਰ ਲਿਆ ਹੈ ਅਤੇ ਉਹ ਉਸ ’ਤੇ ਹਮਲਾ ਕਰ ਰਹੇ ਹਨ।




ਕੀਟਾਣੂ ਬੰਟੀ ਦੇ ਪਿੱਛੇ ਪੈ ਜਾਂਦੇ ਹਨ। ਉਹ ਜਾਨ ਬਚਾਉਣ ਲਈ ਭੱਜਦੀ ਹੈ ਅਤੇ ਚੀਕਦੀ ਹੈ,
"ਬਚਾਓ!.. ਬਚਾਓ!!"



ਤਦ ਸਾਬਣ ਰਾਜਾ ਬਬਲੀ ਕਿਤੋਂ ਉੱਥੇ ਪਹੁੰਚ ਜਾਂਦੇ ਹਨ।

“ਬੰਟੀ, ਘਬਰਾਉਣਾ ਨਹੀਂ”, ਬਬਲੀ ਰਾਜਾ ਨੇ ਕਿਹਾ।

“ਕੀਟਾਣੂਆਂ ’ਤੇ ਹਮਲਾ ਬੋਲ ਦਿਉ!” ਸਾਬਣ ਰਾਜਾ ਆਪਣੀ ਝੱਗ ਸੈਨਾ ਨੂੰ ਕਹਿੰਦੇ ਹਨ।



ਝੱਗ ਸੈਨਾ ਝੱਟ ਕੀਟਾਣੂਆਂ ਨੂੰ ਭਜਾ ਦਿੰਦੀ ਹੈ।



ਅੱਜ ਕੱਲ੍ਹ ਬੰਟੀ ਨੂੰ ਨਹਾਉਣ ਵਿੱਚ ਬਹੁਤ ਮਜ਼ਾ ਆਉਂਦਾ ਹੈ।
ਉਹ ਦੰਦ ਸਾਫ਼ ਕਰਦੀ ਹੈ ਅਤੇ ਮਲ਼-ਮਲ਼ ਕੇ ਨਹਾਉਂਦੀ ਹੈ।

ਬੰਟੀ ਨੂੰ ਸਾਬਣ ਪਸੰਦ ਨਹੀਂ ਹੈ। ਉਹ ਸਫ਼ਾਈ ਨਹੀਂ ਰੱਖਦੀ। ਇੱਕ ਰਾਤ ਉਸਨੂੰ ਸੁਪਨਾ ਆਉਂਦਾ ਹੈ। ਫਿਰ ਅੱਗੇ ਕੀ ਹੋਇਆ?

***Bunty ate Bubbly*** (Punjabi), translated by Pawandeep Kaur, text and illustrations adapted from original story ***Bunty and Bubbly*** (English), written and illustrated by Sorit Gupto, published by Pratham Books (© Pratham Books, 2012) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ